# ਤੱਥ ਨਾਮਾ

## ਬੱਚਿਆਂ ਦੇ ਗੁਜ਼ਾਰਾ-ਭੱਤੇ ਵਾਸਤੇ ਆਮਦਨ ਦਾ ਖੁਲਾਸਾ

ਅਲਹਿਦਾ ਹੋਣ ਤੋਂ ਜਾਂ ਤਲਾਕ ਹੋਣ ਤੋਂ ਬਾਅਦ ਵਿੱਤੀ ਤੌਰ 'ਤੇ ਬੱਚਿਆਂ ਨੂੰ ਸਹਾਰਾ ਦੇਣ ਦੀ ਜ਼ਿੰਮੇਵਾਰੀ ਦੋਵਾਂ ਮਾਪਿਆਂ ਦੀ ਹੁੰਦੀ ਹੈ। ਬੱਚੇ ਇਸ ਸਹਾਰੇ ਦੇ ਕਾਨੂੰਨੀ ਤੌਰ 'ਤੇ ਹੱਕਦਾਰ ਹੁੰਦੇ ਹਨ।

*ਬੱਚਿਆਂ ਦੇ ਗੁਜ਼ਾਰੇ ਸੰਬੰਧੀ ਫੈਡਰਲ ਦਿਸ਼ਾ-ਨਿਰਦੇਸ਼*[1] (ਫੈਡਰਲ ਦਿਸ਼ਾ-ਨਿਰਦੇਸ਼) ਤਹਿਤ ਗੁਜ਼ਾਰਾ-ਭੱਤੇ ਦੀ ਨਿਆਂਕਾਰੀ ਰਕਮ ਪੱਕੀ ਕਰਨ ਲਈ ਮਾਪਿਆਂ ਨੂੰ ਮੁਕੰਮਲ ਅਤੇ ਬਿਲਕੁਲ ਤਾਜ਼ਾ ਜਾਣਕਾਰੀ ਦੇਣੀ ਚਾਹੀਦੀ ਹੈ।

ਇਸ ਤੱਥਨਾਮੇ ਵਿੱਚ ਹੇਠ ਲਿਖੇ ਮੁੱਦਿਆਂ ਬਾਰੇ ਸਾਧਾਰਣ ਜਾਣਕਾਰੀ ਦਿੱਤੀ ਗਈ ਹੈ:

- **ਕੌਣ ਹੈ** ਜਿਸ ਨੂੰ ਜਾਣਕਾਰੀ ਦੇਣੀ ਪੈਂਦੀ ਹੈ ਅਤੇ ਕਦੋਂ ਦੇਣੀ ਪੈਂਦੀ ਹੈ;
- **ਕਿਹੜੀ** ਜਾਣਕਾਰੀ ਆਮਦਨ ਸੰਬੰਧੀ ਉਨ੍ਹਾਂ ਨੂੰ ਦੇਣੀ ਪੈਂਦੀ ਹੈ; ਅਤੇ
- **ਕੀ** ਹੁੰਦਾ ਹੈ ਜਦੋਂ ਇਹ ਜਾਣਕਾਰੀ ਪ੍ਰਦਾਨ ਨਹੀਂ ਕੀਤੀ ਜਾਂਦੀ।

## ਇਹ ਜਾਣਕਾਰੀ ਕਿਸ ਨੂੰ ਦੇਣੀ ਪੈਂਦੀ ਹੈ ਅਤੇ ਉਨ੍ਹਾਂ ਨੂੰ ਇਹ ਕਦੋਂ ਦੇਣੀ ਪੈਂਦੀ ਹੈ?

ਆਮਦਨ ਦੇ ਖੁਲਾਸੇ ਸੰਬੰਧੀ ਦੋ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਹਨ: ਮੁਢਲੀਆਂ ਅਤੇ ਚਲੰਤ (ਜਾਰੀ ਰਹਿਣ ਵਾਲੀਆਂ)।

### *1. ਖੁਲਾਸੇ ਬਾਰੇ ਮੁਢਲੀ ਜ਼ਿੰਮੇਵਾਰੀ*

ਬੱਚਿਆਂ ਦੇ ਗੁਜ਼ਾਰਾ-ਭੱਤੇ ਦੀ ਮੁਢਲੀ ਰਕਮ ਤੈਅ ਕਰਨ ਲਈ ਫੈਡਰਲ ਦਿਸ਼ਾ-ਨਿਰਦੇਸ਼ਾਂ ਦੀ ਸ਼ਰਤ ਹੈ ਕਿ ਇੱਕ ਜਾਂ ਦੋਵੇਂ ਮਾਪੇ ਪਿਛਲੇ ਤਿੰਨ ਟੈਕਸ ਸਾਲਾਂ ਲਈ ਆਪਣੀ ਆਮਦਨ ਦੀ ਮੁਕੰਮਲ ਜਾਣਕਾਰੀ ਪ੍ਰਦਾਨ ਕਰਨ।[2]

**ਦੋਵਾਂ ਮਾਪਿਆਂ ਨੂੰ** ਆਮਦਨ ਬਾਰੇ ਜਾਣਕਾਰੀ ਦੇਣੀ ਪਵੇਗੀ ਜੇ:

- ਇੰਤਜ਼ਾਮ "ਬੱਚਿਆਂ ਦੀ ਵੰਡ ਵਾਲੀ/ਸਪਲਿੱਟ (split)" ਜਾਂ ਸਾਂਝੀ ਸਪੁਰਦਗੀ (shared custody) ਦਾ ਹੋਵੇ;

---

[1] ਸਾਰੇ ਸੂਬਿਆਂ (ਸਿਵਾਏ ਕਿਊਬੈੱਕ ਦੇ ਕਿਉਂਕਿ ਉਨ੍ਹਾਂ ਨੇ ਬੱਚਿਆਂ ਦੇ ਗੁਜ਼ਾਰਾ-ਭੱਤੇ ਸੰਬੰਧੀ ਅਲੱਗ ਤਰੀਕਾ ਅਪਣਾਇਆ ਹੈ) ਅਤੇ ਸੰਘ-ਸ਼ਾਸਿਤ ਪ੍ਰਦੇਸ਼ਾਂ ਨੇ ਬੱਚਿਆਂ ਦੇ ਗੁਜ਼ਾਰਾ-ਭੱਤੇ ਸੰਬੰਧਤ ਦਿਸ਼ਾ-ਨਿਰਦੇਸ਼ ਅਪਣਾਏ ਹਨ ਭਾਵੇਂ ਇਨ੍ਹਾਂ ਵਿੱਚ ਵਖਰੇਵਾਂ ਹੋ ਸਕਦਾ ਹੈ। ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਬਾਰੇ ਜਾਣਕਾਰੀ http://www.justice.gc.ca/eng/fl-df/pt-tp/ ਵੈੱਬਸਾਈਟਾਂ 'ਤੇ ਮੌਜੂਦ ਹਨ। ਕਿਸੇ ਵਿਅਕਤੀ ਦੇ ਹਾਲਾਤ ਦੀ ਹਕੀਕਤ ਇਹ ਤੈਅ ਕਰਦੀ ਹੈ ਕਿ ਕਿਹੜੇ ਦਿਸ਼ਾ-ਨਿਰਦੇਸ਼ ਲਾਗੂ ਹੋਣਗੇ।

[2] ਜੇਕਰ ਫੈਡਰਲ ਦਿਸ਼ਾ-ਨਿਰਦੇਸ਼ ਲਾਗੂ ਨਾ ਹੁੰਦੇ ਹੋਣ ਤਾਂ ਮਿਹਰਬਾਨੀ ਕਰ ਕੇ ਲਾਗੂ ਹੋਣ ਵਾਲੇ ਸੂਬਾਈ ਜਾਂ ਟੈਰੀਟੋਰੀਅਲ ਦਿਸ਼ਾ-ਨਿਰਦੇਸ਼ਾਂ ਤਹਿਤ ਆਮਦਨ ਦੇ ਖੁਲਾਸੇ ਦੀਆਂ ਸ਼ਰਤਾਂ ਵੇਖੋ।

- ਖਾਸ ਜਾਂ ਗ਼ੈਰ-ਮਾਮੂਲੀ ਖ਼ਰਚੇ ਮੌਜੂਦ ਹੋਣ;
- ਨਾਮੁਨਾਸਬ ਔਖਿਆਈ ਦਾ ਦਾਅਵਾ ਮੌਜੂਦ ਹੋਵੇ;
- ਇੱਕ ਬੱਚਾ ਬਾਲਗ਼ ਉਮਰ 'ਤੇ ਜਾਂ ਉਸ ਤੋਂ ਉੱਪਰ ਹੋਵੇ ਅਤੇ ਬੱਚੇ ਦੇ ਗੁਜ਼ਾਰਾ-ਭੱਤੇ ਦਾ ਹਿਸਾਬ ਬੱਚੇ ਦੇ ਬਾਲਗ਼ ਅਵਸਥਾ ਤੋਂ ਘੱਟ ਹੋਣ ਦੀ ਸੂਰਤ ਵਿੱਚ ਲਗਾਲੇ ਜਾਣ ਵਾਲੇ ਹਿਸਾਬ ਨਾਲੋਂ ਅਲੱਗ ਤਰੀਕੇ ਨਾਲ ਲਾਇਆ ਜਾਂਦਾ ਹੋਵੇ;
- ਅਦਾਇਗੀ ਕਰਨ ਵਾਲੇ ਮਾਪੇ ਦੀ ਆਮਦਨ $150,000 ਪ੍ਰਤੀ ਸਾਲ ਤੋਂ ਜਿਆਦਾ ਹੋਵੇ;
- ਦੋਵਾਂ ਵਿੱਚੋਂ ਕੋਈ ਵੀ ਧਿਰ ਆਪਣੇ ਪਤੀ/ਪਤਨੀ ਜਾਂ ਸਾਥੀ ਦੇ ਬੱਚੇ ਦੇ ਮਾਪੇ ਵਜੋਂ ਫਰਜ਼ ਨਿਭਾਉਂਦੀ ਰਹੀ ਹੈ (ਮਿਸਾਲ ਵਜੋਂ, ਮਤਰੇਏ ਮਾਪੇ ਵਜੋਂ)

ਜੇਕਰ ਇਨ੍ਹਾਂ ਵਿੱਚੋਂ ਕੋਈ ਵੀ ਸੂਰਤ ਲਾਗੂ ਨਾ ਹੋਵੇ ਤਾਂ ਸਿਰਫ਼ ਉਸ ਮਾਪੇ 'ਤੇ ਆਪਣੀ ਆਮਦਨ ਦਾ ਖੁਲਾਸਾ ਕਰਨ ਦੀ ਸ਼ਰਤ ਲਾਗੂ ਹੁੰਦੀ ਹੈ ਜਿਸ ਨੇ ਬੱਚਿਆਂ ਦਾ ਗੁਜ਼ਾਰਾ-ਭੱਤਾ ਦੇਣਾ ਹੋਵੇ (ਮਿਸਾਲ ਵਜੋਂ, ਜੇ ਬੱਚਾ ਮਾਪਿਆਂ ਵਿੱਚੋਂ ਕਿਸੇ ਇੱਕ ਕੋਲ ਇਕੱਲਿਆਂ ਹੀ ਸਪੁਰਦ ਹੋਵੇ।

## *2. ਬੱਚੇ ਦੇ ਗੁਜ਼ਾਰਾ-ਭੱਤੇ ਬਾਰੇ ਹੁਕਮ ਜਾਂ ਇਕਰਾਰਨਾਮਾ ਬਣ ਜਾਣ ਤੋਂ ਬਾਅਦ ਖੁਲਾਸੇ ਦੀ ਚਲੰਤ ਜ਼ਿੰਮੇਵਾਰੀ*

ਇਹ ਗੱਲ ਯਕੀਨੀ ਬਣਾਉਣ ਲਈ ਕਿ ਬੱਚਿਆਂ ਨੂੰ ਆਮਦਨ ਦੀ ਤਾਜ਼ਾ-ਤਰੀਨ ਜਾਣਕਾਰੀ 'ਤੇ ਆਧਾਰਤ ਨਿਆਂਕਾਰੀ ਗੁਜ਼ਾਰਾ-ਭੱਤਾ ਮਿਲੇ, ਮਾਪਿਆਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਦੇ ਗੁਜ਼ਾਰਾ-ਭੱਤੇ ਸੰਬੰਧੀ ਇਕਰਾਰਨਾਮਾ ਬਣਨ ਤੋਂ ਬਾਅਦ ਵੀ ਆਮਦਨ ਬਾਰੇ ਜਾਣਕਾਰੀ ਦੇਣਾ ਜਾਰੀ ਰੱਖਣ। ਇਹ ਕਾਨੂੰਨੀ ਜ਼ਿੰਮੇਵਾਰੀ ਕਾਨੂੰਨ, ਅਦਾਲਤੀ ਫੈਸਲਿਆਂ ਅਤੇ/ਜਾਂ ਪ੍ਰਸ਼ਾਸਨਿਕ ਸੇਵਾਵਾਂ (ਜਿਵੇਂ ਮੁੜ ਹਿਸਾਬ-ਕਿਤਾਬ ਕਰਨ ਵਾਲੀ ਕਿਸੇ ਸੇਵਾ[3]) 'ਤੇ ਆਧਾਰਤ ਹੈ।

- **ਫੈਡਰਲ ਦਿਸ਼ਾ-ਨਿਰਦੇਸ਼**: ਫੈਡਰਲ ਦਿਸ਼ਾ-ਨਿਰਦੇਸ਼ਾਂ ਮੁਤਾਬਕ ਜਿਨ੍ਹਾਂ ਮਾਪਿਆਂ ਨੂੰ ਬੱਚਿਆਂ ਦੇ ਗੁਜ਼ਾਰਾ-ਭੱਤੇ ਦੀ ਰਕਮ ਤੈਅ ਕਰਨ ਲਈ ਆਪਣੀ ਆਮਦਨ ਬਾਰੇ ਜਾਣਕਾਰੀ ਦੇਣੀ ਪਈ ਹੋਵੇ, ਉਨ੍ਹਾਂ ਨੂੰ ਦੂਜੇ ਮਾਪੇ ਵੱਲੋਂ ਲਿਖਤੀ ਰੂਪ ਵਿੱਚ ਮੰਗੇ ਜਾਣ 'ਤੇ ਅਪਣੀ ਆਮਦਨ ਬਾਰੇ ਤਾਜ਼ਾ-ਤਰੀਨ ਜਾਣਕਾਰੀ ਦੇਣੀ ਪਵੇਗੀ ਅਤੇ ਇਹ ਮੰਗ ਸਾਲ ਵਿੱਚ ਇੱਕ ਵਾਰ ਤੋਂ ਵਧੇਰੇ ਵਾਰ ਨਹੀਂ ਕੀਤੀ ਜਾਵੇਗੀ। ਇਸ ਦਾ ਭਾਵ ਹੈ ਕਿ ਆਮਦਨ ਬਾਰੇ ਤਾਜ਼ਾ-ਤਰੀਨ ਜਾਣਕਾਰੀ ਦੀ ਮੰਗ ਕਰਨ ਵਾਲੇ ਮਾਪੇ ਨੂੰ ਉਸ ਜਾਣਕਾਰੀ ਨੂੰ ਹਾਸਲ ਕਰਨ ਦਾ ਹੱਕ ਹੋਵੇਗਾ ਅਤੇ ਦੂਜੇ ਮਾਪੇ ਲਈ ਉਹ ਜਾਣਕਾਰੀ ਪ੍ਰਦਾਨ ਕਰਨਾ ਲਾਜ਼ਮੀ ਹੋਵੇਗਾ।

[3] ਮੁੜ ਹਿਸਾਬ-ਕਿਤਾਬ ਕਰਨ ਵਾਲੀ ਸੇਵਾਵਾਂ ਸੂਬਾਈ ਜਾਂ ਖੇਤਰੀ ਸੇਵਾਵਾਂ ਹਨ ਜੋ ਬੱਚਿਆਂ ਦੇ ਗੁਜ਼ਾਰਾ-ਭੱਤੇ ਨੂੰ ਅਨੁਕੂਲ ਤਾਜਾ ਆਮਦਨ ਜਾਣਕਾਰੀ ਦੇ ਅਨੁਸਾਰ ਅਨੁਕੂਲ ਬਣਾਉਂਦੀਆਂ ਹਨ। ਕੈਨੇਡਾ ਦੇ ਨਿਆਂ ਵਿਭਾਗ ਦੀ ਵੈੱਬਸਾਈਟ 'ਤੇ ਮੌਜੂਦ ਸਰਕਾਰ-ਅਧਾਰਤ ਪਰਿਵਾਰਿਕ ਨਿਆਂ ਸੇਵਾਵਾਂ ਦੀ ਵਸਤੂ-ਸੂਚੀ ਵਿੱਚ ਇਹ ਜਾਣਕਾਰੀ ਹੈ ਕਿ ਮੁੜ ਹਿਸਾਬ-ਕਿਤਾਬ ਕਰਨ ਵਾਲੀ ਸੇਵਾਵਾਂ ਕਿੱਥੇ ਉਪਲੱਬਧ ਹਨ ਅਤੇ ਕੌਣ ਇਨ੍ਹਾਂ ਦੀ ਵਰਤੋਂ ਕਰ ਸਕਦਾ ਹੈ।

- **<u>ਆਮਦਨ ਵਿੱਚ ਤਬਦੀਲੀ</u>**: ਕੈਨੇਡਾ ਦੀ ਸਰਵਉੱਚ ਅਦਾਲਤ ਨੇ ਕਿਹਾ ਹੈ ਕਿ ਮਾਪਿਆਂ ਨੂੰ ਬੱਚਿਆਂ ਦੇ ਗੁਜ਼ਾਰਾ-ਭੱਤੇ ਦੀ ਰਕਮ ਆਪਣੀ ਸਭ ਤੋਂ ਤਾਜ਼ਾ-ਤਰੀਨ ਆਮਦਨ ਦੇ ਆਧਾਰ 'ਤੇ ਅਦਾ ਕਰਨੀ ਚਾਹੀਦੀ ਹੈ।[4] ਇਸ ਲਈ ਮਾਪਿਆਂ ਨੂੰ ਆਪਣੀ ਆਮਦਨ ਵਿੱਚਲੀਆਂ ਤਬਦੀਲੀਆਂ ਬਾਰੇ ਇੱਕ-ਦੂਜੇ ਨੂੰ ਜਾਣੂ ਰੱਖਣਾ ਚਾਹੀਦਾ ਹੈ।
- **<u>ਹੁਕਮ ਜਾਂ ਇਕਰਾਰਨਾਮਾ</u>**: ਬੱਚਿਆਂ ਦੇ ਗੁਜ਼ਾਰਾ-ਭੱਤੇ ਦੀ ਰਕਮ ਸੰਬੰਧੀ ਹੁਕਮ ਜਾਂ ਇਕਰਾਰਨਾਮੇ ਮੁਤਾਬਕ ਕਿਸੇ ਮਾਪੇ ਨੂੰ ਆਪਣੀ ਆਮਦਨ ਬਾਰੇ ਜਾਣਕਾਰੀ ਮਿੱਥੇ ਸਮੇਂ 'ਤੇ ਜਾਂ ਮਿੱਥੇ ਹਾਲਾਤ ਮੁਤਾਬਕ ਦੂਜੇ ਮਾਪੇ ਨੂੰ ਦੇਣੀ ਪੈ ਸਕਦੀ ਹੈ।
- **<u>ਮੁੜ ਹਿਸਾਬ ਲਾਉਣ ਵਾਲੀ ਸੇਵਾ</u>**: ਬੱਚਿਆਂ ਦੇ ਗੁਜ਼ਾਰਾ-ਭੱਤੇ ਦੀ ਰਕਮ ਸੰਬੰਧੀ ਹੁਕਮ ਜਾਂ ਇਕਰਾਰਨਾਮੇ ਨੂੰ "ਮੁੜ ਹਿਸਾਬ ਲਾਉਣ ਵਾਲੀ ਕਿਸੇ ਸੇਵਾ" ਕੋਲ ਦਰਜ ਕਰਾਏ ਹੋਣ 'ਤੇ ਵੀ ਮਾਪਿਆਂ ਨੂੰ ਆਪਣੀ ਆਮਦਨ ਬਾਰੇ ਜਾਣਕਾਰੀ ਦੇਣੀ ਪੈ ਸਕਦੀ ਹੈ।

## ਮਾਪਿਆਂ ਨੂੰ ਆਮਦਨ ਬਾਰੇ ਕਿਸ ਤਰ੍ਹਾਂ ਦੀ ਜਾਣਕਾਰੀ ਦੇਣੀ ਪੈ ਸਕਦੀ ਹੈ?

ਆਮਦਨ ਸੰਬੰਧੀ ਮੁਕੰਮਲ ਅਤੇ ਤਾਜ਼ਾ-ਤਰੀਨ ਜਾਣਕਾਰੀ ਲਾਜ਼ਮੀ ਦੇਣੀ ਪੈਂਦੀ ਹੈ ਤੇ ਇਸ ਵਿੱਚ ਲਾਜ਼ਮੀ ਸ਼ਾਮਲ ਹੋਣਾ ਚਾਹੀਦਾ ਹੈ:

- ਹਾਲੀਆ ਤਿੰਨ ਟੈਕਸ ਸਾਲਾਂ ਵਿੱਚੋਂ ਹਰ ਸਾਲ ਦੀਆਂ ਆਮਦਨ ਟੈਕਸ ਦੀਆਂ ਰਿਟਰਨਾਂ; ਅਤੇ
- ਕੈਨੇਡਾ ਰੈਵੇਨਿਊ ਏਜੰਸੀ ਵੱਲੋਂ ਹਾਲੀਆ ਤਿੰਨ ਟੈਕਸ ਸਾਲਾਂ ਵਿੱਚੋਂ ਹਰ ਸਾਲ ਲਈ ਨੋਟਿਸ ਆਫ਼ ਅਸੈੱਸਮੈਂਟ ਅਤੇ ਰੀਅਸੈੱਸਮੈਂਟ।

ਕਿਸੇ ਮਾਪੇ ਨੂੰ ਆਮਦਨ ਬਾਰੇ ਹੋਰ ਜਾਣਕਾਰੀ ਵੀ ਸਾਂਝੀ ਕਰਨੀ **ਪੈ ਸਕਦੀ ਹੈ**, ਜਿਵੇਂ ਕਿ:

- ਆਮਦਨ ਬਾਰੇ ਸਭ ਤੋਂ ਤਾਜ਼ਾ-ਤਰੀਨ ਸਟੇਟਮੈਂਟ ਜਾਂ ਪੇ-ਸਲਿੱਪ, ਜਾਂ ਰੋਜ਼ਗਾਰਦਾਤਾ ਵੱਲੋਂ ਕੋਈ ਪੱਤਰ ਜਿਸ ਵਿੱਚ ਉਸ ਦੀ ਤਨਖ਼ਾਹ ਜਾਂ ਘੰਟੇਵਾਰ ਦਰ ਦਰਸਾਈ ਹੋਵੇ;
- ਜੇ ਮਾਪੇ ਦਾ ਖੁਦ ਦਾ ਕੋਈ ਕਾਰੋਬਾਰ ਹੋਵੇ ਜਾਂ ਉਹ ਕਿਸੇ ਨਿਗਮ ਨੂੰ ਨਿਯੰਤ੍ਰਿਤ ਕਰਦਾ ਹੋਵੇ ਤਾਂ ਉਸ ਦੀ ਵਿੱਤੀ ਲੇਖੇ ਦੀ ਸਟੇਟਮੈਂਟ;
- ਬੇਰੋਜ਼ਗਾਰੀ ਭੱਤੇ, ਕੰਮ ਦੇ ਸੱਟ ਲੱਗਣ ਬਦਲੇ ਮਿਦਲੇ ਮੁਆਵਜ਼ੇ, ਅਪਾਹਜਤਾ ਦੀਆਂ ਅਦਾਇਗੀਆਂ ਅਤੇ ਸਮਾਜਿਕ ਜਾਂ ਸਰਕਾਰੀ ਸਹਾਇਤਾ ਤੋਂ ਆਉਣ ਵਾਲੀ ਆਮਦਨ ਬਾਰੇ ਜਾਣਕਾਰੀ।

## ਜੇਕਰ ਮਾਪੇ ਇਹ ਜਾਣਕਾਰੀ ਨਾ ਦੇਵੇ ਤਾਂ?

[4] *D.B.S.* v. *S.R.G.; L.J.W.* v. *T.A.R.; Henry* v. *Henry; Hiemstra* v. *Hiemstra, [2006] 2 S.C.R. 231, 2006 SCC 37.*

ਕਾਨੂੰਨ ਮੁਤਾਬਕ ਮਾਪਿਆਂ ਨੂੰ ਜਦੋਂ ਵੀ ਬਣਦਾ ਹੋਵੇ, ਆਪਣੀ ਮੁਕੰਮਲ ਅਤੇ ਤਾਜ਼ਾ-ਤਰੀਨ ਜਾਣਕਾਰੀ ਦੇਣੀ ਹੀ ਪੈਂਦੀ ਹੈ: ਜੇ ਮਾਪਾ ਇਹ ਜ਼ਿੰਮੇਵਾਰੀ ਨਾ ਨਿਭਾਵੇ ਤਾਂ ਅਦਾਲਤ (ਮਿਸਾਲ ਵਜੋਂ) ਹੇਠ ਲਿਖੀ ਕਾਰਵਾਈ ਕਰ ਸਕਦੀ ਹੈ:

- ਹੁਕਮ ਦੇ ਸਕਦੀ ਹੈ ਕਿ ਆਮਦਨ ਪ੍ਰਦਾਨ ਕੀਤੀ ਜਾਵੇ (ਖੁਲਾਸਾ ਦੇਣ ਬਾਰੇ ਹੁਕਮ);
- ਮੰਨ ਸਕਦੀ ਹੈ ਕਿ ਬੱਚਿਆਂ ਦੇ ਗੁਜ਼ਾਰਾ-ਭੱਤੇ ਲਈ ਇੱਕ ਖਾਸ ਰਕਮ ਨੂੰ ਮਾਪੇ ਦੀ ਆਮਦਨ ਮੰਨਿਆ ਜਾਵੇ ਅਤੇ ਉਸ ਆਮਦਨ ਉੱਤੇ ਆਧਾਰਤ ਹੁਕਮ ਜਾਰੀ ਕਰ ਸਕਦੀ ਹੈ (ਆਮਦਨ ਦੀ ਜ਼ਿੰਮੇਦਾਰੀ ਲਾਉਣਾ);
- ਮਾਪੇ ਨੂੰ ਪਿਛਲੇ ਉਸ ਸਮੇਂ ਤੋਂ ਬੱਚਿਆਂ ਦੇ ਗੁਜ਼ਾਰਾ-ਭੱਤਾ ਦੇਣ ਲਈ ਹੁਕਮ ਲਾਉਣਾ ਜਿਸ ਸਮੇਂ ਆਮਦਨ ਬਦਲੀ ਹੋਵੇ (ਪਿਛਲੀ ਤਾਰੀਖ਼ ਤੋਂ ਹੁਕਮ ਲਾਗੂ ਕਰਨਾ);
- ਮਾਪੇ ਨੂੰ ਦੂਜੇ ਮਾਪੇ ਦੇ ਕਾਨੂੰਨੀ ਖਰਚੇ ਦੇਣ ਲਈ ਕਹਿਣਾ;
- ਮਾਪੇ ਨੂੰ ਅਦਾਲਤ ਦੀ ਮਾਣਹਾਨੀ ਦਾ ਦੋਸ਼ੀ ਪਾਉਣਾ, ਜਿਸ ਦੇ ਨਤੀਜੇ ਵਜੋਂ ਜ਼ੁਰਮਾਨੇ ਅਤੇ/ਜਾਂ ਕੈਦ ਹੋ ਸਕਦੀ ਹੈ।

| |
|---|
| ਬੱਚਿਆਂ ਦੇ ਗੁਜ਼ਾਰਾ-ਭੱਤੇ ਲਈ ਫੈਡਰਲ ਦਿਸ਼ਾ-ਨਿਰਦੇਸ਼: ਕਦਮ-ਦਰ-ਕਦਮ ਪ੍ਰਕਾਸ਼ਨ ਜੋ ਕੈਨੇਡਾ ਦੇ ਨਿਆਂ ਵਿਭਾਗ ਦੀ ਵੈੱਬਸਾਈਟ 'ਤੇ http://www.justice.gc.ca/eng/rp-pr/fl-lf/child-enfant/guide/index.html ਵਿਖੇ ਪਰਿਵਾਰਕ ਕਾਨੂੰਨ ਸੰਬੰਧੀ ਪੰਨ੍ਹਿਆਂ 'ਤੇ ਮੌਜੂਦ ਹੈ, ਬੱਚਿਆਂ ਦੇ ਗੁਜ਼ਾਰਾ-ਭੱਤੇ ਦੇ ਮੁੱਦਿਆਂ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਦੀਆਂ ਹਨ। |

***ਕੀ ਤੁਹਾਨੂੰ ਪਤਾ ਹੈ ਕਿ ਕੈਨੇਡਾ ਦੇ ਨਿਆਂ ਵਿਭਾਗ ਵੱਲੋਂ ਬਾਲਗ਼ਾਂ ਦੇ ਤਲਾਕ ਅਤੇ ਅਲਹਿਦਗੀ , ਅਤੇ ਬੱਚਿਆਂ ਬਾਰੇ ਮਦਦਗਾਰ ਮੁਫਤ, ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ। ਇਸ ਵਿਡੀਓ ਤੋਂ ਵਧੇਰੇ ਜਾਣਕਾਰੀ ਹਾਸਲ ਕਰੋ, ਜਾਂ ਸਾਡੀ ਵੈੱਬਸਾਈਟ ਵੇਖੋ:***

*Canada.ca/family-law*

**ਦਾਅਵਾ ਤਿਆਗੀ:** ਇਹ ਕਾਨੂੰਨੀ ਲਿਖਤ ਨਹੀਂ ਹੈ ਅਤੇ ਨਾ ਹੀ ਇਸ ਰਾਹੀਂ ਕੋਈ ਕਾਨੂੰਨੀ ਮਸ਼ਵਰਾ ਦਿੱਤਾ ਗਿਆ ਹੈ। ਵਿਅਕਤੀਆਂ ਲਈ ਆਮ ਤੌਰ 'ਤੇ ਸਭ ਤੋਂ ਚੰਗਾ ਇਹ ਰਹਿੰਦਾ ਹੈ ਕਿ ਆਪਣੇ ਹਾਲਾਤ ਬਾਰੇ ਪਰਿਵਾਰਕ ਕਾਨੂੰਨਾਂ ਤਹਿਤ ਕੰਮ ਕਰਨ ਵਾਲੇ ਕਿਸੇ ਵਕੀਲ ਨਾਲ ਰਾਇ ਕਰਨ। ਬਹੁਤੇ ਸੂਬਿਆਂ ਅਤੇ ਸੰਘ-ਸ਼ਾਸਿਤ ਪ੍ਰਦੇਸ਼ਾਂ ਦੀਆਂ ਬਾਰ ਐਸੋਸੀਏਸ਼ਨਾਂ ਵਕੀਲਾਂ ਦੀ ਦੱਸ ਪਾਉਣ ਦੀਆਂ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਕਈ ਵਕੀਲ ਹੋ ਸਕਦਾ ਹੈ ਮੁਢਲਾ ਮਸ਼ਵਰਾ ਮੁਫਤ ਜਾਂ ਬੇਹੱਦ ਘੱਟ ਦਰ 'ਤੇ ਪੇਸ਼ ਕਰਨ, ਜਾਂ ਹੋ ਸਕਦਾ ਹੈ ਕਿਸੇ ਵਿਅਕਤੀ ਨੂੰ ਆਪਣੇ ਖਾਸ ਹਾਲਾਤ ਦੇ ਕੁੱਝ ਖਾਸ ਪੱਖਾਂ ਬਾਰੇ ਮਦਦ ਲਈ ਵਕੀਲ ਨਾਲ ਸਿਰਫ ਕੁੱਝ ਹੀ ਵਾਰ ਸਲਾਹ ਕਰਨੀ ਪਵੇ।